# ਇੰਡੀਅਨ ਸਪੋਰਟਸ ਕਲੱਬ, ਡੈਨਮਾਰਕ

www.indiansportsclub.dk

## 15ਵਾਂ ਸ਼ਾਨਦਾਰ ਖੇਡ ਮੇਲਾ (ਸ਼ਨਿੱਚਰਵਾਰ 15 ਜੂਨ 2019)

## 15th Sports Mela/Festival (Saturday 15th June 2019)

ਡੈਨਮਾਰਕ ਵਿੱਚ ਵਸਦੇ ਸਮੂਹ ਭਾਰਤੀਆਂ ਨੂੰ ਪਿਆਰ ਭਰੀ ਸਤਿ ਸ੍ਰੀ ਅਕਾਲ ਜੀ,

ਆਪ ਜੀ ਨੂੰ ਇਹ ਜਾਣਕੇ ਖੁਸ਼ੀ ਹੋਵੇਗੀ ਕਿ ਹਰ ਸਾਲ ਦੀ ਤਰਾਂ ਇਸ ਸਾਲ ਵੀ ਇੰਡੀਅਨ ਸਪੋਰਟਸ ਕਲੱਬ ਵੱਲੋਂ ਸ਼ਾਨਦਾਰ ਖੇਡ ਮੇਲਾ ਕਰਵਾਇਆ ਜਾ ਰਿਹਾ ਹੈ। ਇਸ ਸਾਲ ਵੀ ਖੇਡ ਮੇਲੇ ਨੂੰ ਸੁਹਾਵਣਾ ਅਤੇ ਰੌਣਕ ਭਰਿਆ ਬਣਾਉਣ ਲਈ ਆਪ ਸਭ ਡੈਨਮਾਰਕ ਦੀਆਂ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਜੀ ਇਸ ਖੇਡ ਮੇਲੇ ਵਿੱਚ ਹੁੰਮ ਹੁਮਾ ਕੇ ਪਹੁੰਚਣ ਦੀ ਕ੍ਰਿਪਾਲਤਾ ਕਰੋ ਜੀ। ਇਹ ਖੇਡ ਮੇਲਾ ਆਪ ਸਾਰੀਆਂ ਸੰਗਤਾਂ ਦੇ ਸਹਿਯੋਗ ਨਾਲ ਹੀ ਸੁਹਾਵਣਾ/ਰੌਣਕਾਂ-ਭਰਿਆਂ ਅਤੇ ਸਫ਼ਲ ਹੋ ਸਕਦਾ ਹੈ।

ਜਿਸ ਤਰਾਂ ਆਪ ਸਭ ਜਾਣਦੇ ਹੀ ਹੋ ਕਿ ਇਹ ਟੂਰਨਾਮੈਂਟ ਡੈਨਮਾਰਕ ਵਿੱਚ ਵਸਦੇ ਭਾਰਤੀ ਬੱਚਿਆਂ ਨੂੰ ਆਪਣੇ ਸਭਿਆਚਾਰ ਨਾਲ ਜੋੜੀ ਰੱਖਣ ਦੇ ਇੱਕ ਉਪਰਾਲੇ ਵੱਜੋਂ ਕਰਵਾਇਆ ਜਾਂਦਾ ਹੈ। ਸਾਡੀ ਦਿਲੋਂ ਕੋਸ਼ਿਸ਼ ਹੁੰਦੀ ਹੈ ਕਿ ਇਸ ਟੂਰਨਾਮੈਂਟ ਨੂੰ ਵੱਧ ਤੋਂ ਵੱਧ ਸੁਚੱਜੇ ਢੰਗ ਨਾਲ ਕਰਵਾਇਆ ਜਾਵੇ ਤਾਂ ਜੋ ਵੱਧ ਤੋਂ ਵੱਧ ਪਰਿਵਾਰ ਆਪਣੇ ਬੱਚਿਆਂ ਨੂੰ ਇਸ ਟੂਰਨਾਮੈਂਟ ਵਿੱਚ ਲੈ ਕੇ ਸ਼ਾਮਿਲ ਹੋ ਸਕਣ। **ਇਸ ਕਰਕੇ ਹਮੇਸ਼ਾ ਦੀ ਤਰਾਂ ਇਸ ਵਾਰ ਵੀ ਗਰਾਊਂਡ ਵਿੱਚ ਅਤੇ ਪਾਰਕਿੰਗ ਏਰੀਏ ਵਿੱਚ ਸ਼ਰਾਬ ਪੀ ਕੇ ਆਉਣਾ ਜਾਂ ਪੀਣਾ ਅਤੇ ਕਿਸੇ ਵੀ ਹੋਰ ਪ੍ਰਕਾਰ ਦਾ ਨਸ਼ਾ ਕਰਨਾ ਸਖਤ ਮਨਾ ਹੈ।**

ਗਰਾਊਂਡ ਤਕ ਪਹੁੰਚਣ ਦੇ ਰਸਤੇ ਸੰਬੰਧੀ ਜਾਂ ਪ੍ਰੋਗਰਾਮ ਸੰਬੰਧੀ ਕਿਸੇ ਵੀ ਪ੍ਰਕਾਰ ਦੀ ਸੂਚਨਾ ਪ੍ਰਾਪਤ ਕਰਨ ਲਈ ਪ੍ਰਬੰਧਕਾਂ ਨੂੰ ਸੰਪਰਕ ਕੀਤਾ ਜਾ ਸਕਦਾ ਹੈ ਅਤੇ ਸਾਡੇ ਇੰਟਰਨੈੱਟ ਦੇ ਵੈਬ-ਸਾਈਟ www.indiansportsclub.dk ਤੇ ਜਾਕੇ ਵੀ ਹਰੇਕ ਸੂਚਨਾ ਪ੍ਰਾਪਤ ਕੀਤੀ ਜਾ ਸਕਦੀ ਹੈ। **ਗਰਾਊਂਡ ਦਾ ਪਤਾ ਹੇਠ ਲਿਖਿਆ ਹੈ:**

**Tinderhøj Skole,** Fortvej 71, 2610 Rødovre

" **ਡ13:00 ਵਜੇ ਤੋਂ ਲੈਕੇ 16:00 ਵਜੇ ਤਕ ਲੰਗਰ ਅਤੁੱਟ ਵਰਤੇਗਾ** "

*** * ਜ਼ਰੂਰੀ ਸੂਚਨਾ: ਖੇਡ ਮੇਲਾ ਸਿਰਫ 1 ਦਿਨ(ਸਨਿੱਚਰਵਾਰ) ਦਾ ਹੀ ਹੋਵੇਗਾ * ***

ਟੂਰਨਾਮੈਂਟ ਵਿਚ ਖੇਡੀਆਂ ਜਾਣ ਵਾਲੀਆਂ ਖੇਡਾਂ ਹੋਣਗੀਆਂ : ਦੌੜਾਂ (childrens, men & women), ਰੁਮਾਲ ਚੱਕਣ (special for childrens), ਫੁੱਟਬਾਲ(only for childrens) ਅਤੇ ਵਾਲੀਬਾਲ।

ਜਿੰਨਾਂ ਬੱਚਿਆਂ ਨੇ ਖੇਡਾਂ ਵਿੱਚ ਭਾਗ ਲੈਣਾ ਹੋਵੇ, ਉਹਨਾਂ ਦੇ ਨਾਮ ਅਤੇ ਖੇਡ ਪ੍ਰਬੰਧਕ ਕਮੇਟੀ ਕੋਲ ਲਿਖਵਾ ਦਿੱਤੇ ਜਾਣੇ ਜ਼ਰੂਰੀ ਹਨ।

**ਬੱਚੀਆਂ ਅਤੇ ਬੀਬੀਆਂ** ਦੇ ਮਨੋਰੰਜਨ ਵਾਸਤੇ "ਤੀਆਂ ਦੇ ਤਿਉਹਾਰ" ਦੀ ਖੁਸ਼ੀ ਨੂੰ ਸਾਂਝਾ ਕਰਨ ਲਈ ਵੀ ਇੱਕ ਰੰਗਾਰੰਗ ਪ੍ਰੋਗਰਾਮ ਕਰਵਾਇਆ ਜਾ ਰਿਹਾ ਹੈ।

ਅਸੀਂ ਆਪ ਸਾਰਿਆਂ ਨੂੰ ਬੇਨਤੀ ਕਰਦੇ ਹਾਂ ਕਿ ਹਰੇਕ ਸਾਲ ਵਾਂਗ ਇਸ ਵਾਰ ਵੀ ਮੇਲੇ ਵਿਚ ਆਕੇ ਮੇਲੇ ਦੀਆਂ ਰੌਣਕਾਂ ਵਿੱਚ ਵਾਧਾ ਕਰੋ ਅਤੇ ਹਮੇਸ਼ਾ ਵਾਂਗ ਇਸ ਵਾਰ ਫੇਰ **ਮਨੋ ਅਤੇ ਧਨੋ** ਸਾਡਾ ਵੱਧ ਤੋਂ ਵੱਧ ਸਹਿਯੋਗ ਦਿਉ ਜੀ।

ਧੰਨਵਾਦ ਸਹਿਤ
**ਪ੍ਰਬੰਧਕ ਕਮੇਟੀ**

ਸ. ਮਨਜੀਤ ਸਿੰਘ ਸੰਘਾ (53 87 87 74)

ਸ. ਗੁਰਪ੍ਰੀਤ ਸਿੰਘ ਸੰਘੇੜਾ (22 38 27 05)

ਸ੍ਰੀ ਅਤੁਲ ਸ਼ਰਮਾ (60 43 60 74)

ਸ. ਜਸਵਿੰਦਰ ਸਿੰਘ ਜੌਹਲ (20 78 85 55)

ਸ. ਦੀਪ ਸਿੰਘ ਧਾਲੀਵਾਲ (26 22 90 04)